# Barclays Cycle Hire




## Barclays Cycle Hire (ਬਾਰਕਲੇਜ਼ ਸਾਈਕਲ ਹਾਇਰ) ਵਿਖੇ ਜੀ ਆਇਆਂ ਨੂੰ

Barclays Cycle Hire ਵਰਤਣ ਵਿੱਚ ਸੌਖਾ ਹੈ ਅਤੇ ਮਸਤੀ ਭਰਿਆ ਵੀ ਅਤੇ ਇਹ ਕੇਂਦਰੀ ਲੰਡਨ ਦੇ ਆਸਪਾਸ ਛੋਟੀਆਂ ਯਾਤਰਾਵਾਂ ਕਰਨ ਲਈ ਉੱਤਮ ਹੈ। ਇੱਥੇ ਤੁਹਾਡੀ ਵਰਤੋਂ ਲਈ ਦਿਨ ਦੇ 24 ਘੰਟੇ, ਸਾਲ ਦੇ ਹਰ ਦਿਨ ਸੈਂਕੜੇ ਡੌਕਿੰਗ ਸਟੇਸ਼ਨ ਅਤੇ ਹਜ਼ਾਰਾਂ ਸਾਈਕਲਾਂ ਹਨ। ਇਸਦੇ ਲਈ ਕੋਈ ਬੁਕਿੰਗ ਨਹੀਂ ਹੁੰਦੀ, ਬਸ ਸਾਈਕਲ ਕਿਰਾਏ 'ਤੇ ਲਓ ਅਤੇ ਚਲਾਓ। ਲਗਭਗ ਹਰ 300 ਮੀਟਰ ਦੀ ਦੂਰੀ 'ਤੇ ਸਥਿਤ ਡੌਕਿੰਗ ਸਟੇਸ਼ਨਾਂ ਦੇ ਨਾਲ, ਤੁਸੀਂ ਕਦੇ ਵੀ ਇੱਕ ਸਾਈਕਲ ਤਕ ਪਹੁੰਚਣ ਤੋਂ ਬਹੁਤ ਜ਼ਿਆਦਾ ਦੂਰ ਨਹੀਂ ਹੋਵੋਗੇ।

Barclays Cycle Hire ਦਿਨ ਦੇ ਦੌਰਾਨ ਮੀਟਿੰਗਾਂ 'ਤੇ ਅਚਾਨਕ ਪਹੁੰਚਣ ਲਈ, ਖ਼ਰੀਦਾਰੀ ਕਰਨ ਲਈ, ਲੰਡਨ ਦੇ ਸ਼ਾਨਦਾਰ ਨਜ਼ਾਰੇ ਦੇਖਣ ਲਈ ਜਾਂ ਇੱਥੋਂ ਤਕ ਕਿ ਥੋੜ੍ਹੀ ਜਿਹੀ ਕਸਰਤ ਕਰਨ ਲਈ ਇੱਕ ਸ਼ਾਨਦਾਰ ਢੰਗ ਵਜੋਂ ਵੀ ਉੱਤਮ ਹੈ।

ਸਕੀਮ ਦੀ ਵਰਤੋਂ ਕਰਨ ਲਈ, ਤੁਸੀਂ ਥੋੜ੍ਹੀ ਜਿਹੀ ਪਹੁੰਚ ਫ਼ੀਸ ਅਤੇ ਨਾਲ ਹੀ ਵਰਤੋਂ ਖਰਚ ਦਾ ਭੁਗਤਾਨ ਕਰਦੇ ਹੋ ਜੋ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿੰਨੀ ਦੇਰ ਸਾਈਕਲ ਚਲਾਉਂਦੇ ਹੋ। ਤੁਸੀਂ ਆਪਣੀ ਚੁਣੀ ਹੋਈ ਪਹੁੰਚ ਮਿਆਦ ਦੇ ਅੰਦਰ ਅਸੀਮਤ ਯਾਤਰਾਵਾਂ ਕਰ ਸਕਦੇ ਹੋ ਅਤੇ 30 ਮਿੰਟ ਤੋਂ ਘੱਟ ਦੀਆਂ ਸਾਰੀਆਂ ਯਾਤਰਾਵਾਂ ਵਰਤੋਂ ਖਰਚ ਤੋਂ ਮੁਕਤ ਹੁੰਦੀਆਂ ਹਨ।

ਪਹੁੰਚ (24 ਘੰਟੇ ਜਾਂ 7 ਦਿਨ ਲਈ) ਖਰੀਦਣ ਲਈ ਬਸ ਕਿਸੇ ਵੀ Barclays Cycle Hire ਡੌਕਿੰਗ ਸਟੇਸ਼ਨ ਟਰਮਿਨਲ ਤਕ ਪੈਦਲ ਜਾਓ ਅਤੇ ਸ਼ੁਰੂਆਤ ਕਰਨ ਲਈ ਟੱਚ ਸਕ੍ਰੀਨ ਦੀ ਵਰਤੋਂ ਕਰੋ।

# ਮੈਂ ਸਾਈਕਲ ਕਿਰਾਏ 'ਤੇ ਕਿਵੇਂ ਲਵਾਂ?

- ਸ਼ੁਰੂਆਤ ਕਰਨ ਲਈ ਟਰਮਿਨਲ ਸਕ੍ਰੀਨ ਨੂੰ ਛੂਹੋ
- ਜੇ ਤੁਸੀਂ ਅੰਗ੍ਰੇਜ਼ੀ ਦੀ ਬਜਾਏ ਕਿਸੇ ਹੋਰ ਭਾਸ਼ਾ ਵਿੱਚ ਸਕ੍ਰੀਨ ਦੀ ਵਰਤੋਂ ਕਰੋਗੇ, ਤਾਂ ਪਹਿਲਾਂ 'Change language' (ਭਾਸ਼ਾ ਬਦਲੋ) ਆਇਕਨ ਨੂੰ ਛੂਹੋ ਅਤੇ 17 ਦੂਜੀਆਂ ਭਾਸ਼ਾਵਾਂ ਵਿੱਚੋਂ ਇੱਕ ਨੂੰ ਚੁਣੋ
- ਨਹੀਂ ਤਾਂ, 'Hire a cycle' (ਸਾਈਕਲ ਕਿਰਾਏ 'ਤੇ ਲਓ) ਆਇਕਨ ਨੂੰ ਛੂਹੋ
- ਇਹ 'Privacy Notice' (ਨਿੱਜਤਾ ਸੂਚਨਾ) ਪੰਨੇ 'ਤੇ ਲੈ ਜਾਂਦਾ ਹੈ, ਜਿਸਨੂੰ ਸਵੀਕਾਰ ਕਰਨਾ ਤੁਹਾਡੇ ਲਈ ਲਾਜ਼ਮੀ ਹੈ
- ਫੇਰ ਤੁਹਾਨੂੰ ਸਕ੍ਰੀਨ ਦੇ ਹੇਠਾਂ ਕਾਰਡ ਰੀਡਰ ਵਿੱਚ ਆਪਣਾ ਭੁਗਤਾਨ (ਪੇਮੈਂਟ) ਕਾਰਡ ਦਾਖਲ ਕਰਨ ਲਈ ਕਿਹਾ ਜਾਵੇਗਾ। ਇਹ ਇਸ ਚੀਜ਼ ਨੂੰ ਜਾਂਚਣ ਲਈ ਹੈ ਕਿ ਕੀ ਤੁਹਾਡੇ ਕੋਲ ਪਹਿਲਾਂ ਤੋਂ ਪ੍ਰਮਾਣਕ ਪਹੁੰਚ ਮਿਆਦ ਹੈ, ਅਤੇ ਪੁਸ਼ਟੀ ਹੋ ਜਾਣ ਤੋਂ ਬਾਅਦ, ਤੁਹਾਨੂੰ ਕਾਰਡ ਬਾਹਰ ਕੱਢ ਲੈਣ ਲਈ ਕਿਹਾ ਜਾਵੇਗਾ
- ਸਕੀਮ ਬਾਰੇ ਵਾਧੂ ਜਾਣਕਾਰੀ ਮੁਹੱਈਆ ਕਰਦੀ ਇੱਕ ਸਕ੍ਰੀਨ ਆਉਂਦੀ ਹੈ, ਜਿਸ 'ਤੇ ਤੁਸੀਂ 'OK' ਕਰ ਸਕਦੇ ਹੋ
- ਜੇ ਤੁਹਾਡੇ ਕੋਲ ਪਹਿਲਾਂ ਤੋਂ ਪ੍ਰਮਾਣਕ ਪਹੁੰਚ ਮਿਆਦ ਨਹੀਂ ਹੈ, ਤਾਂ ਫੇਰ ਤੁਹਾਨੂੰ ਇਹ ਪੁੱਛਿਆ ਜਾਵੇਗਾ ਕਿ ਤੁਹਾਨੂੰ ਕਿਸ ਕਿਸਮ ਦੀ ਪਹੁੰਚ ਦੀ ਲੋੜ ਹੈ - 24 ਘੰਟੇ ਜਾਂ 7 ਦਿਨ
- ਫੇਰ ਤੁਹਾਨੂੰ ਆਪਣੀ ਖਰੀਦ ਦੀ ਪੁਸ਼ਟੀ ਕਰਨ ਲਈ ਕਿਹਾ ਜਾਵੇਗਾ (24 ਘੰਟਿਆਂ ਲਈ £1 ਜਾਂ 7 ਦਿਨਾਂ ਲਈ £5)
- ਇਸ ਤੋਂ ਬਾਅਦ ਸਕੀਮ ਦੇ Terms and Conditions (ਨਿਯਮ ਅਤੇ ਸ਼ਰਤਾਂ) ਆਉਂਦੇ ਹਨ ਜਿਹਨਾਂ ਨੂੰ ਪੜ੍ਹਨਾ ਅਤੇ ਸਵੀਕਾਰ ਕਰਨਾ ਤੁਹਾਡੇ ਲਈ ਸਕੀਮ ਦੀ ਵਰਤੋਂ ਕਰਨ ਵਾਸਤੇ ਲਾਜ਼ਮੀ ਹੈ

**ਫੇਰ ਤੁਹਾਨੂੰ ਦੂਜੀ ਵਾਰੀ ਆਪਣਾ ਭੁਗਤਾਨ ਕਾਰਡ ਦਾਖਲ ਕਰਨ ਲਈ ਕਿਹਾ ਜਾਵੇਗਾ**

– ਅਜਿਹਾ ਇਸ ਲਈ ਤਾਂ ਜੋ ਚੁਣੀ ਹੋਈ ਪਹੁੰਚ ਮਿਆਦ ਲਈ ਭੁਗਤਾਨ ਕੀਤਾ ਜਾ ਸਕੇ

- ਫੇਰ ਤੁਸੀਂ ਰਸੀਦ ਛਾਪਣ ਦੀ ਚੋਣ ਕਰ ਸਕਦੇ ਹੋ ਅਤੇ ਇਹ ਚੁਣ ਸਕਦੇ ਹੋ ਕਿ ਕੀ ਤੁਸੀਂ ਸਾਈਕਲ ਹੁਣ ਜਾਂ ਬਾਅਦ ਵਿੱਚ ਕਿਰਾਏ 'ਤੇ ਲੈਣੀ ਚਾਹੋਗੇ
- ਸਕ੍ਰੀਨ ਇਸ ਗੱਲ ਦੀ ਪੁਸ਼ਟੀ ਕਰੇਗੀ ਕਿ ਤੁਹਾਡੀ ਪਹੁੰਚ ਮਿਆਦ 'ਤੇ ਕਿੰਨਾ ਸਮਾਂ ਬਚਿਆ ਹੈ ਅਤੇ, ਜੇ ਤੁਸੀਂ ਸਾਈਕਲ ਨੂੰ ਹੁਣ ਕਿਰਾਏ 'ਤੇ ਲੈਣ ਦੀ ਚੋਣ ਕੀਤੀ ਹੈ, ਤਾਂ ਇਹ 5-ਅੰਕ ਦਾ ਸਾਈਕਲ ਰਿਲੀਜ਼ ਕੋਡ ਛਾਪੇਗੀ

**ਸੰਕੇਤ:**

ਤੁਹਾਡੇ ਦੁਆਰਾ ਭੁਗਤਾਨ ਕਰਨ ਤੋਂ ਬਾਅਦ ਹੀ ਤੁਹਾਡੀ ਪਹੁੰਚ ਮਿਆਦ ਦੀ ਘੜੀ ਚਲਣੀ ਸ਼ੁਰੂ ਹੋ ਜਾਂਦੀ ਹੈ - ਨਾ ਕਿ ਉਦੋਂ ਜਦੋਂ ਤੁਸੀਂ ਪਹਿਲੀ ਵਾਰ ਸਾਈਕਲ ਕਿਰਾਏ 'ਤੇ ਲੈਂਦੇ ਹੋ।

**ਸੰਕੇਤ:**

ਆਪਣੀ ਚੁਣੀ ਹੋਈ ਪਹੁੰਚ ਮਿਆਦ ਦੇ ਅੰਦਰ ਹਰ ਵਾਰ ਤੁਸੀਂ ਜਦੋਂ ਸਾਈਕਲ ਕਿਰਾਏ 'ਤੇ ਲੈਣੀ ਚਾਹੁੰਦੇ ਹੋ, ਤੁਹਾਨੂੰ ਟਰਮਿਨਲ ਵਿੱਚ ਉਹੀ ਭੁਗਤਾਨ ਕਾਰਡ ਪਾਉਣਾ ਪਵੇਗਾ, ਕਿਉਂਕਿ **ਸਾਈਕਲ ਰਿਲੀਜ਼ ਕੋਡ ਸਿਰਫ਼ ਇੱਕ ਯਾਤਰਾ ਲਈ ਹੀ ਪ੍ਰਮਾਣਕ ਹੁੰਦਾ ਹੈ** - ਅਤੇ ਹਰ ਯਾਤਰਾ ਲਈ ਨਵਾਂ ਕੋਡ ਜਾਰੀ ਕੀਤਾ ਜਾਂਦਾ ਹੈ। ਇਸਦੇ ਨਾਲ ਹੀ, ਜੇ ਤੁਸੀਂ ਛਪਾਈ ਹੋਣ ਤੋਂ ਬਾਅਦ 10 ਮਿੰਟ ਤਕ ਸਾਈਕਲ ਰਿਲੀਜ਼ ਕੋਡ ਦੀ ਵਰਤੋਂ ਨਹੀਂ ਕੀਤੀ ਹੈ, ਤਾਂ ਤੁਹਾਨੂੰ ਸਾਈਕਲ ਰਿਲੀਜ਼ ਕਰਵਾਉਣ ਲਈ ਟਰਮਿਨਲ ਤੋਂ ਇੱਕ ਹੋਰ ਕੋਡ ਲੈਣਾ ਪਵੇਗਾ

ਤੁਹਾਡੇ ਕੋਲ 1 ਤੋਂ 4 ਸਾਈਕਲਾਂ ਵਿਚਕਾਰ ਤਕ ਪਹੁੰਚ ਖਰੀਦਣ ਦੀ ਚੋਣ ਹੁੰਦੀ ਹੈ। ਹਰੇਕ ਸਾਈਕਲ ਦੇ ਲਈ, ਤੁਹਾਨੂੰ ਸਬੰਧਤ ਪਹੁੰਚ ਫ਼ੀਸ ਦਾ ਭੁਗਤਾਨ ਕਰਨਾ ਪਵੇਗਾ। ਜੇ ਤੁਸੀਂ 2, 3 ਜਾਂ 4 ਸਾਈਕਲਾਂ ਚੁਣੀਆਂ ਹਨ, ਤਾਂ ਪਹਿਲਾ ਸਾਈਕਲ ਰਿਲੀਜ਼ ਕੋਡ ਛਪ ਜਾਣ ਤੋਂ ਬਾਅਦ, ਤੁਹਾਨੂੰ "Hire a cycle" (ਸਾਈਕਲ ਕਿਰਾਏ 'ਤੇ ਲਓ) ਦੀ ਚੋਣ ਕਰਕੇ ਅਤੇ ਦੁਬਾਰਾ ਆਪਣਾ ਕਾਰਡ ਪਾ ਕੇ ਪ੍ਰਕਿਰਿਆ ਨੂੰ ਦੁਬਾਰਾ ਸ਼ੁਰੂ ਕਰਨਾ ਪਵੇਗਾ ਤਾਂ ਜੋ ਸਾਈਕਲ ਰਿਲੀਜ਼ ਕੋਡ ਜਾਰੀ ਕੀਤਾ ਜਾ ਸਕੇ। ਇਸ ਲਈ, ਇੱਕੋ ਵਾਰ ਵਿੱਚ 4 ਸਾਈਕਲਾਂ ਕਿਰਾਏ 'ਤੇ ਲੈਣ ਲਈ, ਤੁਹਾਨੂੰ ਆਪਣਾ ਭੁਗਤਾਨ ਕਾਰਡ 5 ਵਾਰ ਪਾਉਣਾ ਪਵੇਗਾ।

# ਆਪਣੀ ਸਾਈਕਲ ਨੂੰ ਡੌਕ ਕਰਨਾ

## ਆਪਣੀ ਸਾਈਕਲ ਨੂੰ ਅਨਡੌਕ ਕਰਦੇ ਸਮੇਂ:

- ਚੈੱਕ ਕਰੋ ਕਿ ਡੌਕਿੰਗ ਪੌਇੰਟ 'ਤੇ ਕੋਈ ਬੱਤੀਆਂ ਨਾ ਜਗਦੀਆਂ ਹੋਣ ਅਤੇ ਡੌਕਿੰਗ ਪੌਇੰਟ ਦੇ ਕੀ ਪੈਡ 'ਤੇ ਆਪਣੇ ਸਾਈਕਲ ਰਿਲੀਜ਼ ਕੋਡ ਨੂੰ ਦਬਾਓ
- ਜਦੋਂ ਤੁਹਾਡੇ ਖਾਤੇ ਦੀ ਪੁਸ਼ਟੀ ਹੋ ਰਹੀ ਹੋਵੇਗੀ ਤਾਂ ਐਂਬਰ (ਭੂਰੇਪਣ 'ਚ ਪੀਲੇ) ਰੰਗ ਦੀ ਬੱਤੀ ਜਗੇਗੀ
- ਜਿਉਂ ਹੀ ਬੱਤੀ ਹਰੀ ਹੋ ਜਾਵੇ, ਸਾਈਕਲ ਨੂੰ ਜ਼ੋਰ ਨਾਲ ਡੌਕਿੰਗ ਪੌਇੰਟ ਤੋਂ ਬਾਹਰ ਖਿੱਚ ਕੇ ਅਨਡੌਕ ਕਰ ਲਓ
- ਕਿਰਪਾ ਕਰਕੇ ਸਾਈਕਲ ਰਿਲੀਜ਼ ਕੋਡ ਦਾ ਜ਼ੁੰਮੇਵਾਰਾਨਾ ਢੰਗ ਨਾਲ ਨਿਪਟਾਰਾ ਕਰ ਦਿਓ

## ਆਪਣੀ ਸਾਈਕਲ ਨੂੰ ਡੌਕ ਕਰਦੇ ਸਮੇਂ:

- ਆਪਣੀ ਸਾਈਕਲ ਕਿਸੇ ਖਾਲੀ ਡੌਕਿੰਗ ਪੌਇੰਟ 'ਤੇ ਵਾਪਸ ਕਰ ਦਿਓ ਅਤੇ ਇਸਨੂੰ ਜ਼ੋਰ ਨਾਲ ਨਾਲ ਧੱਕ ਕੇ ਲਗਾ ਦਿਓ
- ਉਦੋਂ ਤਕ ਉਡੀਕ ਕਰੋ ਜਦੋਂ ਤਕ ਬੱਤੀ ਇਹ ਸੂਚਨਾ ਦੇਣ ਲਈ ਹਰੀ ਨਾ ਹੋ ਜਾਵੇ ਕਿ ਤੁਸੀਂ ਸਾਈਕਲ ਨੂੰ ਸਫ਼ਲਤਾਪੂਰਵਕ ਢੰਗ ਨਾਲ ਡੌਕ ਕਰ ਦਿੱਤਾ ਹੈ
- ਜੇ ਕੋਈ ਡੌਕਿੰਗ ਪੌਇੰਟ ਉਪਲਬਧ ਨਹੀਂ ਹਨ, ਤਾਂ ਟਰਮਿਨਲ ਦੀ ਟੱਚ ਸਕ੍ਰੀਨ ਛੇ ਸਭ ਤੋਂ ਨੇੜਲੇ ਡੌਕਿੰਗ ਸਟੇਸ਼ਨਾਂ 'ਤੇ ਡੌਕਿੰਗ ਪੌਇੰਟ ਦੀ ਉਪਲਬਧਤਾ ਦਿਖਾਏਗੀ। ਤੁਸੀਂ ਕਿਸੇ ਵਾਧੂ ਖਰਚੇ ਦੇ ਬਗ਼ੈਰ, ਵਾਧੂ 15 ਮਿੰਟ ਵੀ ਚੁਣ ਸਕਦੇ ਹੋ, ਤਾਂ ਜੋ ਤੁਸੀਂ ਸਾਈਕਲ ਨੂੰ ਕਿਸੇ ਹੋਰ ਡੌਕਿੰਗ ਸਟੇਸ਼ਨ 'ਤੇ ਵਾਪਸ ਕਰ ਸਕੋ

**ਸੰਕੇਤ:**

ਤੁਸੀਂ ਆਪਣੀ ਚੁਣੀ ਹੋਈ ਪਹੁੰਚ ਮਿਆਦ ਦੇ ਅੰਦਰ 30 ਮਿੰਟ ਤੋਂ ਘੱਟ ਦੀਆਂ ਅਣਗਿਣਤ ਯਾਤਰਾਵਾਂ ਕਰ ਸਕਦੇ ਹੋ। ਇਸਦਾ ਅਰਥ ਹੈ ਕਿ ਤੁਸੀਂ ਕੋਈ ਵਰਤੋਂ ਖਰਚ ਦਾ ਭੁਗਤਾਨ ਕੀਤੇ ਬਗ਼ੈਰ ਸਾਰਾ ਦਿਨ ਸਾਈਕਲ ਚਲਾ ਸਕਦੇ ਹੋ, ਜੇ ਤੁਸੀਂ ਕੋਈ ਹੋਰ ਸਾਈਕਲ ਬਾਹਰ ਕੱਢਣ ਤੋਂ ਪਹਿਲਾਂ ਪੰਜ ਮਿੰਟ ਦੀ ਉਡੀਕ ਕਰਦੇ ਹੋ।

# ਸਾਈਕਲਾਂ

ਸਾਈਕਲਾਂ ਵਿੱਚ ਅਜਿਹੀਆਂ ਵਿਸ਼ੇਸ਼ਤਾਵਾਂ ਹਨ ਜੋ ਉਹਨਾਂ ਨੂੰ ਚੋਰੀ ਹੋਣ ਜਾਂ ਨੁਕਸਾਨੇ ਜਾਣ ਤੋਂ ਰੋਕਦੀਆਂ ਹਨ। ਜਦੋਂ ਤੁਸੀਂ ਸਾਈਕਲ ਨੂੰ ਵਰਤ ਰਹੇ ਹੁੰਦੇ ਹੋ ਤਾਂ ਇਸਨੂੰ ਸੁਰੱਖਿਅਤ ਰੱਖਣਾ ਤੁਹਾਡੀ ਜ਼ੁੰਮੇਵਾਰੀ ਹੁੰਦੀ ਹੈ। ਜੇ ਤੁਸੀਂ ਇਸਨੂੰ ਨਹੀਂ ਚਲਾ ਰਹੇ ਹੋ, ਤਾਂ ਇਸਨੂੰ ਵਾਪਸ ਡੌਕ ਕਰ ਦਿਓ!

ਸਾਈਕਲਾਂ ਦੀ ਬਾਕਾਇਦਾ ਸਾਂਭ-ਸੰਭਾਲ ਕੀਤੀ ਜਾਂਦੀ ਹੈ ਪਰ ਤੁਸੀਂ ਜਿਹੜੀ ਸਾਈਕਲ ਲੈਣੀ ਚਾਹੁੰਦੇ ਹੋ, ਉਸਨੂੰ ਅਨਡੌਕ ਕਰਨ ਤੋਂ ਪਹਿਲਾਂ ਉਸਦੀ (ਟਾਇਰ, ਬ੍ਰੇਕਾਂ, ਕਾਠੀ, ਲਾਈਟਾਂ ਅਤੇ ਘੰਟੀ) ਜਾਂਚ ਕਰ ਲੈਣਾ ਚੰਗਾ ਹੁੰਦਾ ਹੈ। ਅਸੀਂ ਸਕੀਮ ਵਿੱਚ ਸ਼ਾਮਲ ਸਾਈਕਲਾਂ ਦੀ ਬਾਕਾਇਦਾ ਜਾਂਚ ਅਤੇ ਉਹਨਾਂ ਦੀ ਮੁੜ-ਵੰਡ ਕਰਦੇ ਹਾਂ ਅਤੇ ਜਿਹਨਾਂ ਸਾਈਕਲਾਂ ਦੀ ਮੁਰੰਮਤ ਕਰਨ ਦੀ ਲੋੜ ਹੁੰਦੀ ਹੈ ਉਹਨਾਂ ਨੂੰ ਬਦਲ ਦਿੰਦੇ ਹਾਂ। ਤੁਹਾਡੀ ਸਾਈਕਲ ਟੁੱਟ ਜਾਣ ਦੀ ਕਿਸੇ ਅਸੰਭਾਵੀ ਘਟਨਾ ਹੋ ਜਾਣ 'ਤੇ ਬਸ ਇਸਨੂੰ ਸਭ ਤੋਂ ਨੇੜਲੇ ਡੌਕਿੰਗ ਸਟੇਸ਼ਨ 'ਤੇ ਵਾਪਸ ਕਰ ਦਿਓ ਅਤੇ ਇਸਨੂੰ ਵਾਪਸ ਡੌਕ ਕਰਨ ਦੇ 10 ਸਕਿੰਟਾਂ ਦੇ ਅੰਦਰ-ਅੰਦਰ ਲਾਲ ਰੰਗ ਦੇ fault (ਨੁਕਸ) ਬਟਨ ਨੂੰ ਦਬਾ ਦਿਓ।

ਕਿਰਪਾ ਕਰਕੇ ਧਿਆਨ ਦਿਓ ਕਿ ਹੈਲਮੇਟ ਅਤੇ ਤਾਲੇ ਪ੍ਰਦਾਨ ਨਹੀਂ ਕੀਤੇ ਜਾਂਦੇ ਹਨ।

**ਸੰਕੇਤ: ਆਪਣੀ ਸਾਈਕਲ ਵਾਪਸ ਕਰਨ ਲਈ ਕੋਈ ਡੌਕਿੰਗ ਪੌਇੰਟ ਖਾਲੀ ਨਹੀਂ?**

ਜਦੋਂ ਤੁਸੀਂ ਆਪਣੀ ਸਾਈਕਲ ਵਾਪਸ ਕਰਨ ਲਈ ਆਉਂਦੇ ਹੋ, ਜੇ ਉਸ ਸਮੇਂ ਕੋਈ ਡੌਕਿੰਗ ਪੌਇੰਟ ਉਪਲਬਧ ਨਹੀਂ ਹਨ, ਤਾਂ ਟਰਮਿਨਲ ਸਕ੍ਰੀਨ 'ਤੇ ਜਾਓ ਅਤੇ "No docking point free" (ਕੋਈ ਡੌਕਿੰਗ ਪੌਇੰਟ ਖਾਲੀ ਨਹੀਂ) ਦੇ ਆਇਕਨ 'ਤੇ ਛੂਹੋ। ਇਹ ਤੁਹਾਨੂੰ ਸਭ ਤੋਂ ਨੇੜਲੇ ਖਾਲੀ ਡੌਕਿੰਗ ਪੌਇੰਟ 'ਤੇ ਭੇਜ ਦੇਵੇਗਾ ਅਤੇ ਤੁਹਾਡੀ ਸਾਈਕਲ ਨੂੰ ਵਾਪਸ ਕਰਨ ਲਈ ਆਪਣੇ ਆਪ ਹੀ ਤੁਹਾਨੂੰ ਕਿਸੇ ਵਾਧੂ ਖਰਚੇ ਦੇ ਬਗੈਰ ਵਾਧੂ 15 ਮਿੰਟ ਪ੍ਰਦਾਨ ਕਰ ਦੇਵੇਗਾ। ਕਿਰਪਾ ਕਰਕੇ ਧਿਆਨ ਦਿਓ ਕਿ ਜੇ ਤੁਸੀਂ ਇੱਕ ਤੋਂ ਵੱਧ ਸਾਈਕਲਾਂ ਕਿਰਾਏ 'ਤੇ ਲਈਆਂ ਹਨ, ਤਾਂ ਇਹ ਬੇਨਤੀ ਹਰ ਉਸ ਸਾਈਕਲ ਲਈ ਕਰਨੀ ਪਵੇਗੀ ਜੋ ਤੁਸੀਂ ਵਾਪਸ ਕਰਨੀ ਹੈ।

# Barclays Cycle Hire ਦਾ ਮੈਂਬਰ ਬਣਨਾ

ਜੇ ਤੁਸੀਂ ਲੰਡਨ ਵਿੱਚ ਕਾਫ਼ੀ ਸਮਾਂ ਬਿਤਾਉਂਦੇ ਹੋ ਅਤੇ ਅਕਸਰ ਸਕੀਮ ਦੀ ਵਰਤੋਂ ਕਰਦੇ ਹੋ, ਤਾਂ ਮੈਂਬਰ ਬਣਨ ਬਾਰੇ ਵਿਚਾਰ ਕਿਉਂ ਨਹੀਂ ਕਰਦੇ? ਤੁਸੀਂ 24 ਘੰਟੇ, 7 ਦਿਨਾਂ ਜਾਂ ਇੱਕ ਸਾਲ ਦੇ ਲਈ ਨਾਂ ਦਰਜ ਕਰਾ ਸਕਦੇ ਹੋ। ਮੈਂਬਰਾਂ ਲਈ ਖਰਚਾ ਕਦੇ-ਕਦਾਈਂ ਵਾਲੇ ਪ੍ਰਯੋਗਕਰਤਾਵਾਂ ਜਿੰਨਾ ਹੀ ਹੈ, ਹਾਲਾਂਕਿ ਤੁਹਾਡੇ ਕੋਲ ਬਸ £45 ਵਿੱਚ ਸਲਾਨਾ ਪਹੁੰਚ ਖਰੀਦਣ ਦੀ ਚੋਣ ਹੁੰਦੀ ਹੈ। ਤੁਹਾਨੂੰ ਸਾਈਕਲਾਂ ਤਕ ਫੌਰੀ ਪਹੁੰਚ ਲਈ ਇੱਕ ਮੈਂਬਰਸ਼ਿਪ ਕੁੰਜੀ (£3 ਦੀ ਇੱਕਮੁਸ਼ਤ ਫ਼ੀਸ ਨਾਲ) ਮਿਲੇਗੀ। ਟਰਮਿਨਲ 'ਤੇ ਕਿਸੇ ਕਤਾਰ ਵਿੱਚ ਨਹੀਂ ਲਗਣਾ – ਬਸ ਅਨਡੌਕ ਕਰੋ ਅਤੇ ਜਾਓ।

# The Barclays Cycle Hire ਪ੍ਰਯੋਗਕਰਤਾਵਾਂ ਦਾ ਆਚਾਰ ਜ਼ਾਬਤਾ

**ਤੁਹਾਡੀ ਸਾਈਕਲ ਸਵਾਰੀ ਦਾ ਅਨੰਦ ਮਾਣਨ ਅਤੇ ਲੰਡਨ ਦਾ ਅਨੰਦ ਮਾਣਨ ਵਿੱਚ ਤੁਹਾਡੀ ਮਦਦ ਕਰਨ ਲਈ**

## ✓ ਕਰਨਯੋਗ ਗੱਲਾਂ



1. ਦੂਜੇ ਵਾਹਨਾਂ ਅਤੇ ਪੈਦਲ ਚੱਲਣ ਵਾਲਿਆਂ ਲਈ ਚੁਕੰਨੇ **ਜ਼ਰੂਰ** ਰਹੋ ਅਤੇ ਆਪਣੇ ਇਰਾਦੇ ਦਿਖਾਉਣ ਲਈ ਹੱਥਾਂ ਨਾਲ ਸਪਸ਼ਟ ਸੰਕੇਤ ਦਿਓ
2. ਲਾਰੀਆਂ ਦੇ ਆਸ-ਪਾਸ ਚੁਕੰਨੇ **ਜ਼ਰੂਰ** ਰਹੋ ਅਤੇ ਕਦੇ ਵੀ ਟ੍ਰੈਫਿਕ ਬੱਤੀਆਂ ਤੋਂ ਐਨ ਪਹਿਲਾਂ, ਜਾਂ ਬੱਤੀਆਂ 'ਤੇ ਖੱਬਿਓਂ ਉਹਨਾਂ ਤੋਂ ਅੱਗੇ ਨਾ ਲੰਘੋ
3. ਜਦੋਂ ਵੀ ਸੰਭਵ ਹੋਵੇ ਸਾਈਕਲ ਲਈ ਨਿਯਤ ਕੀਤੇ ਰਸਤਿਆਂ ਦੀ ਵਰਤੋਂ ਕਰਨ ਬਾਰੇ **ਜ਼ਰੂਰ** ਸੋਚੋ
4. ਰਾਤ ਸਮੇਂ ਪਰਾਵਰਤੀ ਜਾਂ ਫਲੋਰੇਸੈਂਟ ਕਪੜੇ ਪਹਿਨ ਕੇ ਆਪਣੇ ਆਪ ਨੂੰ ਦਿੱਸਣਯੋਗ **ਜ਼ਰੂਰ** ਬਣਾਓ



5. ਇਹ **ਜ਼ਰੂਰ** ਦੇਖੋ ਕਿ ਸਾਈਕਲ ਸੜਕ 'ਤੇ ਚੱਲਣਯੋਗ ਹੋਵੇ (ਟਾਇਰ, ਬ੍ਰੇਕਾਂ, ਕਾਠੀ, ਘੰਟੀ)
6. ਚੋਰੀ ਤੋਂ ਬਚਣ ਲਈ ਇਹ **ਜ਼ਰੂਰ** ਯਕੀਨੀ ਬਣਾਓ ਕਿ ਸਾਈਕਲ ਨੂੰ ਸਹੀ ਢੰਗ ਨਾਲ ਕਿਸੇ ਡੌਕਿੰਗ ਪੌਇੰਟ 'ਤੇ ਡੌਕ ਕੀਤਾ ਜਾਵੇ



7. ਲਾਪਰਵਾਹੀ ਨਾਲ ਛੱਡੀਆਂ ਸਾਈਕਲਾਂ ਦੀ ਸੂਚਨਾ ਕੌਂਟੈਕਟ ਸੈਂਟਰ (Contact Centre) (+44(0)20 8216 6666) ਨੂੰ ਕਾਲ ਕਰਕੇ **ਜ਼ਰੂਰ** ਦਿਓ
8. ਸਾਈਕਲ ਸਿਖਲਾਈ ਬਾਰੇ ਹੋਰ ਜਾਣਕਾਰੀ ਲੈਣ ਲਈ tfl.gov.uk/cycletraining 'ਤੇ **ਜਾਓ**



9. ਦਿ ਹਾਈਵੇਅ ਕੋਡ (The Highway Code) ਦੇ ਨਿਯਮਾਂ ਦੀ ਹਮੇਸ਼ਾ ਪਾਲਣਾ **ਜ਼ਰੂਰ** ਕਰੋ (direct.gov.uk/highwaycode)
10. ਸਾਈਕਲ ਹੈਲਮਟ ਪਹਿਨਣ 'ਤੇ ਵਿਚਾਰ **ਜ਼ਰੂਰ** ਕਰੋ

## ✗ ਨਾ ਕਰਨਯੋਗ ਗੱਲਾਂ



11. ਲਾਲ ਟ੍ਰੈਫਿਕ ਬੱਤੀਆਂ ਨੂੰ **ਨਾ** ਟੱਪੋ – ਇਹ ਖਤਰਨਾਕ ਅਤੇ ਗੈਰਕਨੂੰਨੀ ਹੈ
12. ਫੁਟਪਾਥ 'ਤੇ ਸਾਈਕਲ **ਨਾ** ਚਲਾਓ ਜਦੋਂ ਤੱਕ ਇਸ 'ਤੇ ਸਾਂਝੀ ਵਰਤੋਂ ਵਾਲੇ ਰਸਤੇ ਦਾ ਸੰਕੇਤ ਨਾ ਦਿੱਤਾ ਹੋਵੇ



13. ਇਕਤਰਫਾ ਟ੍ਰੈਫਿਕ ਵਾਲੀਆਂ ਸੜਕਾਂ 'ਤੇ ਗਲਤ ਪਾਸਿਓਂ ਸਾਈਕਲ **ਨਾ** ਚਲਾਓ ਜਦੋਂ ਤੱਕ ਇਸ 'ਤੇ ਸਾਈਕਲ ਚਲਾਉਣ ਵਾਲਿਆਂ ਲਈ ਦੋਤਰਫਾ ਰਾਹ ਦਾ ਨਿਸ਼ਾਨ ਨਾ ਲੱਗਾ ਹੋਵੇ
14. ਉਦੋਂ ਤੱਕ ਓਵਰਟੇਕ **ਨਾ** ਕਰੋ ਜਦੋਂ ਤੱਕ ਚੋਖੀ ਥਾਂ ਨਾ ਹੋਵੇ ਅਤੇ ਅਜਿਹਾ ਕਰਨਾ ਸੁਰੱਖਿਅਤ ਹੋਵੇ
15. ਸਾਈਕਲ ਚਲਦੇ ਵਾਹਨਾਂ ਦੇ ਬਹੁਤੀ ਨੇੜੇ **ਨਾ** ਚਲਾਓ
16. ਪਾਰਕ ਕੀਤੀਆਂ ਕਾਰਾਂ ਦੇ ਬਹੁਤੀ ਨੇੜਿਓਂ **ਨਾ** ਜਾਓ, ਹੋ ਸਕਦਾ ਹੈ ਦਰਵਾਜ਼ੇ ਅਚਾਨਕ ਖੋਲ੍ਹੇ ਦਿੱਤੇ ਜਾਣ



17. ਸਾਈਕਲ ਚਲਾਉਂਦੇ ਸਮੇਂ ਮੋਬਾਈਲ ਫੋਨ ਜਾਂ ਈਅਰਫੋਨ **ਨਾ** ਵਰਤੋ
18. ਜਦੋਂ ਅਲਕੋਹਲ ਜਾਂ ਨਸ਼ੀਲੀਆਂ ਵਸਤਾਂ ਦੇ ਅਸਰ ਹੇਠ ਹੋਵੋ ਤਾਂ ਸਾਈਕਲ **ਨਾ** ਚਲਾਓ
19. ਕਿਰਾਏ 'ਤੇ ਲਈ ਹੋਈ ਸਾਈਕਲ ਨੂੰ ਇਕੱਲਿਆਂ **ਨਾ** ਛੱਡੋ – ਜੇ ਤੁਸੀਂ ਇਸਨੂੰ ਨਹੀਂ ਚਲਾ ਰਹੇ ਹੋ, ਤਾਂ ਇਸਨੂੰ ਡੌਕ ਕਰ ਦਿਓ



20. ਸਾਈਕਲ 'ਤੇ ਯਾਤਰੀਆਂ ਨੂੰ ਜਾਂ ਟੋਕਰੀ ਵਿੱਚ ਜਾਨਵਰਾਂ/ਭਾਰੀਆਂ ਚੀਜ਼ਾਂ **ਨਾ** ਲਿਜਾਓ

**ਅਤੇ ਅਖੀਰ ਵਿੱਚ, ਜੇ ਤੁਸੀਂ ਯੂਕੇ ਵਿੱਚ ਇੱਕ ਮਹਿਮਾਨ ਹੋ, ਤਾਂ ਯਾਦ ਰੱਖੋ ਕਿ ਸਾਈਕਲ ਖੱਬੇ ਹੱਥ ਚਲਾਉਣੀ ਹੈ**

# ਸਕੀਮ ਨੂੰ ਵਰਤਣ 'ਤੇ ਕਿੰਨਾ ਖਰਚਾ ਆਉਂਦਾ ਹੈ?

ਸਾਈਕਲ ਕਿਰਾਏ 'ਤੇ ਲੈਣ ਲਈ ਤੁਹਾਨੂੰ ਪਹੁੰਚ ਫ਼ੀਸ ਅਤੇ ਵਰਤੋਂ ਖਰਚ, ਦੋਹਾਂ ਦਾ ਭੁਗਤਾਨ ਕਰਨਾ ਪਵੇਗਾ। ਆਪਣੀ ਪਹੁੰਚ ਮਿਆਦ ਦੀ ਚੋਣ ਕਰਨ ਤੋਂ ਬਾਅਦ, ਤੁਸੀਂ ਅਸੀਮਤ ਯਾਤਰਾਵਾਂ ਕਰ ਸਕਦੇ ਹੋ – ਅਤੇ ਇਹ ਨਾ ਭੁੱਲੋ ਕਿ ਹਰ ਨਵੇਕਲੀ ਯਾਤਰਾ ਦੇ ਪਹਿਲੇ 30 ਮਿੰਟ ਵਰਤੋਂ ਖਰਚ ਤੋਂ ਮੁਕਤ ਹੁੰਦੇ ਹਨ।

## ਪਹੁੰਚ ਫ਼ੀਸ

| ਇਸ ਨਾਲ ਤੁਸੀਂ ਸਕੀਮ ਨੂੰ ਇਸ ਮਿਆਦ ਲਈ ਵਰਤ ਸਕਦੇ ਹੋ | |
|---|---|
| 24 ਘੰਟੇ | £1 |
| 7 ਦਿਨ | £5 |

ਮੈਂਬਰ ਬਸ £45 ਵਿੱਚ ਇੱਕ ਸਾਲ ਲਈ ਪਹੁੰਚ ਖਰੀਦ ਸਕਦੇ ਹਨ (ਇਸਤੋਂ ਇਲਾਵਾ ਕੁੰਜੀ ਜਾਰੀ ਕਰਨ ਦੀ £3 ਦੀ ਇੱਕਮੁਸ਼ਤ ਫ਼ੀਸ)।

| ਦੂਜੇ ਖਰਚੇ | |
|---|---|
| ਦੇਰੀ ਨਾਲ ਵਾਪਸੀ ਦਾ ਖਰਚਾ | £150 |
| ਨੁਕਸਾਨ ਦਾ ਖਰਚਾ | £300 ਤੱਕ |
| ਵਾਪਸ ਨਾ ਕਰਨ ਦਾ ਖਰਚਾ | £300 |

ਆਪਣੀ ਚੁਣੀ ਹੋਈ ਪਹੁੰਚ ਮਿਆਦ ਦੇ ਅੰਦਰ ਤੁਸੀਂ ਜਿੰਨੀਆਂ ਚਾਹੋ ਉਨੀਆਂ ਯਾਤਰਾਵਾਂ ਕਰ ਸਕਦੇ ਹੋ।

+

ਕਿਉਂਕਿ ਸਕੀਮ ਦਾ ਮਕਸਦ ਛੋਟੀਆਂ ਯਾਤਰਾਵਾਂ ਲਈ ਵਰਤੇ ਜਾਣ ਲਈ ਹੈ, ਇਸ ਕਰਕੇ ਤੁਸੀਂ ਜਿੰਨਾ ਲੰਬਾ ਸਮਾਂ ਸਾਈਕਲ ਰੱਖੋਗੇ, ਇਹ ਉਨਾ ਹੀ ਵਧੇਰੇ ਮਹਿੰਗਾ ਹੋ ਜਾਵੇਗਾ।
ਇਹ ਨਾ ਭੁੱਲੋ –

**ਜੇ ਤੁਸੀਂ ਇਸਨੂੰ ਚਲਾ ਨਹੀਂ ਰਹੇ ਹੋ, ਤਾਂ ਇਸਨੂੰ ਵਾਪਸ ਡੌਕ ਕਰ ਦਿਓ**

## ਵਰਤੋਂ ਖਰਚ

ਹਰੇਕ ਯਾਤਰਾ ਦੇ ਪਹਿਲੇ 30 ਮਿੰਟ ਮੁਫ਼ਤ ਹੁੰਦੇ ਹਨ। ਉਸਤੋਂ ਬਾਅਦ ਤੁਸੀਂ ਵਰਤੋਂ ਖਰਚ ਦਾ ਭੁਗਤਾਨ ਕਰੋਗੇ, ਜਿਸਦਾ ਹਿਸਾਬ ਸਾਈਕਲ ਲੈਣ ਦੇ ਸਮੇਂ ਤੋਂ ਲੈ ਕੇ ਵਾਪਸ ਕਰਨ ਦੇ ਸਮੇਂ ਤਕ ਲਗਾਇਆ ਜਾਂਦਾ ਹੈ।

| 30 ਮਿੰਟ ਤਕ | ਮੁਫ਼ਤ |
|---|---|
| ਫ਼ੇਰ | |
| 1 ਘੰਟੇ ਤਕ | £1 |
| 1 ਘੰਟੇ ਅਤੇ 30 ਮਿੰਟ ਤੱਕ | £4 |
| 2 ਘੰਟੇ ਤੱਕ | £6 |
| 2 ਘੰਟੇ ਅਤੇ 30 ਮਿੰਟ ਤੱਕ | £10 |
| 3 ਘੰਟੇ ਤੱਕ | £15 |
| 6 ਘੰਟੇ ਤੱਕ | £35 |
| 24 ਘੰਟੇ ਤੱਕ (ਵੱਧ ਤੋਂ ਵੱਧ ਵਰਤੋਂ ਫ਼ੀਸ) | £50 |

## ਭੁਗਤਾਨ ਚੋਣਾਂ

ਸਾਰੇ ਮੁੱਖ ਕ੍ਰੈਡਿਟ ਅਤੇ ਡੈਬਿਟ ਕਾਰਡ ਸਵੀਕਾਰ ਕੀਤੇ ਜਾਂਦੇ ਹਨ। ਟਰਮਿਨਲ ਨਕਦ ਜਾਂ Oyster ਕਾਰਡਾਂ ਨੂੰ ਸਵੀਕਾਰ ਨਹੀਂ ਕਰਦੇ। ਪਹੁੰਚ ਨੂੰ ਖਰੀਦਣ ਲਈ ਲਾਜ਼ਮੀ ਹੈ ਕਿ ਤੁਸੀਂ 18 ਸਾਲ ਜਾਂ ਵੱਧ ਉਮਰ ਦੇ ਹੋਵੋ, ਹਾਲਾਂਕਿ 14 ਅਤੇ ਇਸਤੋਂ ਵੱਧ ਉਮਰ ਦਾ ਕੋਈ ਵੀ ਵਿਅਕਤੀ ਸਾਈਕਲਾਂ ਦੀ ਵਰਤੋਂ ਕਰ ਸਕਦਾ ਹੈ।

**ਸੰਕੇਤ:**

ਜੇ ਤੁਸੀਂ ਇੱਕ ਸਮੇਂ ਇੱਕ ਤੋਂ ਵੱਧ ਸਾਈਕਲਾਂ ਕਿਰਾਏ 'ਤੇ ਲੈਣੀਆਂ ਚਾਹੁੰਦੇ ਹੋ, ਤਾਂ ਤੁਹਾਨੂੰ ਹਰੇਕ ਸਾਈਕਲ ਦੇ ਲਈ ਪਹੁੰਚ ਫ਼ੀਸ ਅਤੇ ਵਰਤੋਂ ਖਰਚ ਦਾ ਭੁਗਤਾਨ ਕਰਨ ਦੀ ਲੋੜ ਪਵੇਗੀ। ਸਾਈਕਲਾਂ ਨੂੰ ਕਦੇ-ਕਦਾਈਂ ਕਿਰਾਏ 'ਤੇ ਲੈਣ ਲਈ ਮੈਂਬਰਾਂ ਦੇ ਖਾਤਿਆਂ ਨਾਲ ਰਜਿਸਟਰ ਹੋਏ ਕ੍ਰੈਡਿਟ ਜਾਂ ਡੈਬਿਟ ਕਾਰਡ ਨਹੀਂ ਚੱਲਣਗੇ।

# ਵਧੇਰੇ ਜਾਣਕਾਰੀ ਲਈ

ਡੌਕਿੰਗ ਸਟੇਸ਼ਨ ਦੀਆਂ ਥਾਵਾਂ, ਸਾਈਕਲ ਦੀ ਉਪਲਬਧਤਾ ਦੀ ਫੌਰੀ ਜਾਣਕਾਰੀ ਅਤੇ ਮੈਂਬਰ ਕਿਵੇਂ ਬਣਨਾ ਹੈ, ਸਮੇਤ Barclays Cycle Hire ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ tfl.gov.uk/barclayscyclehire 'ਤੇ ਜਾਓ

Barclays Cycle Hire ਕੌਂਟੈਕਟ ਸੈਂਟਰ:
0845 026 3630* ਜਾਂ +44 (0)20 8216 6666.

**ਵੈਬਸਾਈਟ**
**tfl.gov.uk**

**24 ਘੰਟੇ ਸਫ਼ਰ ਬਾਰੇ ਜਾਣਕਾਰੀ**
**0843 222 1234***

*ਜੇ ਤੁਸੀਂ ਕਿਸੇ ਬੀਟੀ ਲੈਂਡਲਾਈਨ ਤੋਂ ਕਾਲ ਕਰ ਰਹੇ ਹੋ ਤਾਂ 5p ਪ੍ਰਤੀ ਮਿੰਟ ਤੋਂ ਵੱਧ ਦਾ ਭੁਗਤਾਨ ਨਹੀਂ ਕਰੋਗੇ। ਹੋ ਸਕਦਾ ਹੈ ਕਿ ਕੋਈ ਕੁਨੈਕਸ਼ਨ ਖਰਚਾ ਹੋਵੇ। ਮੋਬਾਈਲਾਂ ਜਾਂ ਦੂਜੇ ਲੈਂਡਲਾਈਨ ਪ੍ਰਦਾਤਿਆਂ ਤੋਂ ਖਰਚੇ ਵੱਖ-ਵੱਖ ਹੋ ਸਕਦੇ ਹਨ

ਆਈਟਮ ਕੋਡ 9911918

ਇਹ ਜਾਣਕਾਰੀ ਛਪਾਈ ਲਈ ਜਾਣ ਸਮੇਂ ਸਹੀ ਹੈ, ਵਧੇਰੇ ਜਾਣਕਾਰੀ ਲਈ ਸੰਪਰਕ ਕਰੋ tfl.gov.uk